# ਬੀ ਸੀ ਫਾਰਮਾਕੇਅਰ
## ਪ੍ਰੋਸਥੈਟਿਕ ਅਤੇ ਆਰਥੋਟਿਕ ਪ੍ਰੋਗਰਾਮ

ਜੇ ਤੁਹਾਨੂੰ ਪ੍ਰੋਸਥੈਟਿਕ ਜਾਂ ਆਰਥੋਟਿਕ ਯੰਤਰ (ਡਿਵਾਈਸ) ਦੀ ਲੋੜ ਹੈ, ਫਾਰਮਾਕੇਅਰ ਉਸ ਦੇ ਖਰਚੇ ਵਿੱਚ ਮਦਦ ਕਰ ਸਕਦਾ ਹੈ

### ਫਾਰਮਾਕੇਅਰ ਕਿਵੇਂ ਮਦਦ ਕਰ ਸਕਦਾ ਹੈ

ਫਾਰਮਾਕੇਅਰ ਨਿਮਨ ਲਿਖਤ ਸ਼੍ਰੇਣੀਆਂ ਵਿੱਚ ਖਾਸ ਆਈਟਮਾਂ ਖ਼੍ਰੀਦਣ ਵਿੱਚ ਲੋਕਾਂ ਦੀ ਮਦਦ ਕਰਦਾ ਹੈ:

- ਪ੍ਰੋਸਥੇਸਿਸ ਅਤੇ ਸਪਲਾਈ—ਜਿਵੇਂ, ਪਰੌਸਥੈਟਿਕ ਬਰੈਸਟ, ਲੱਤਾਂ-ਬਾਂਹਾਂ, ਅੱਖ, ਕੰਨ, ਨੱਕ
- 18 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਲੋਕਾਂ ਲਈ ਆਰਥੋਸਸ - ਉਦਾਹਰਨ ਲਈ, ਪਰਮਾਨੈਂਟ ਲੈੱਗ ਬਰੇਸ, ਬਾਡੀ ਬਰੇਸ, ਪਲੇਜੀਓਸੇਫਲੀ ਹੈਲਮੇਟ
- ਔਫਲੋਡਿੰਗ ਡਿਵਾਇਸਾਂ — ਆਰਥੋਟਿਕ ਇਨਸਰਟਸ, ਆਰਥੋਟਿਕ ਕਵਰ, ਥੈਰਾਪੁਟਿਕ ਜੁੱਤੀਆਂ

ਆਮ ਤੌਰ 'ਤੇ, ਫਾਰਮਾਕੇਅਰ ਉਹ ਯੋਗ ਯੰਤਰ ਖ਼੍ਰੀਦਣ ਵਿੱਚ ਮਦਦ ਕਰਦਾ ਹੈ ਜੋ ਤੁਹਾਡੀ ਮੁੱਢਲੇ ਕੰਮਕਾਰ ਕਰਨ ਵਿੱਚ ਮਦਦ ਕਰਦੇ ਹੋਣ ਅਤੇ/ਜਾਂ ਇਹ ਹੋਰ ਵਿਗਾੜਾਂ ਨੂੰ ਰੋਕਣ ਵਿੱਚ ਮਦਦ ਕਰਦੇ ਹੋਣ।

ਯੋਗ ਉਤਪਾਦਾਂ (ਇਲਿਜੀਬਲ ਪ੍ਰੋਡੱਕਟਸ) ਦੀ ਸੂਚੀ ਏਥੇ ਹੈ www.gov.bc.ca/prostheticandorthoticpins

ਫਾਰਮਾਕੇਅਰ ਖਾਸ ਸਥਿਤੀਆਂ ਵਿੱਚ ਮੁਰੰਮਤ ਅਤੇ ਬਦਲਣ ਦੇ ਖਰਚੇ ਵਿੱਚ ਵੀ ਮਦਦ ਕਰਦਾ ਹੈ।

ਬਹੁਤੀ ਵਾਰੀ, ਕੋਈ ਆਈਟਮ ਖਰੀਦਣ, ਮੁਰੰਮਤ ਜਾਂ ਬਦਲਣ ਤੋਂ ਪਹਿਲਾਂ ਫਾਰਮਾਕੇਅਰ ਵੱਲੋਂ ਕਵਰੇਜ ਨੂੰ ਮਨਜ਼ੂਰੀ ਦੇਣੀ ਜ਼ਰੂਰੀ ਹੈ ("ਪੂਰਵ-ਪ੍ਰਵਾਨਗੀ")। ਤੁਹਾਡਾ ਪ੍ਰੋਸਥੇਟਿਸਟ ਜਾਂ ਆਰਥੋਟਿਸਟ ਤੁਹਾਡੇ ਲਈ ਅਰਜ਼ੀ ਦੇਵੇਗਾ।

### ਕਵਰੇਜ ਪਲੈਨ ਅਨੁਸਾਰ ਵੱਖਰੀ ਵੱਖਰੀ ਹੈ

ਜੇ ਤੁਹਾਡੇ ਕੋਲ ਪਲੈਨ ਬੀ (ਲੌਂਗ-ਟਰਮ ਕੇਅਰ), ਪਲੈਨ ਸੀ (ਇਨਕਮ ਅਸਿਸਟੈਂਸ) ਜਾਂ ਪਲੈਨ ਐੱਫ (ਚਿਲਡਰਨ ਇਨ ਦੀ ਐਟ ਹੋਮ ਪ੍ਰੋਗਰਾਮ), ਰਾਹੀਂ ਫਾਰਮਾਕੇਅਰ ਕਵਰੇਜ ਹੈ ਤਾਂ ਫਾਰਮਾਕੇਅਰ ਬਹੁਤੀਆਂ ਯੋਗ ਪ੍ਰੋਸਥੇਸਜ਼, ਆਰਥੋਜ਼ ਅਤੇ ਔਫਲੋਡਿੰਗ ਯੰਤਰਾਂ ਦਾ ਖਰਚਾ ਦੇਵੇਗਾ।

ਜੇ ਤੁਸੀਂ ਇਹਨਾਂ ਵਿੱਚੋਂ ਕਿਸੇ ਇੱਕ ਯੋਜਨਾ ਵਿੱਚ ਸ਼ਾਮਲ ਨਹੀਂ ਹੋ, ਤਾਂ ਯਕੀਨੀ ਬਣਾਓ ਕਿ ਕੋਈ ਯੰਤਰ ਖ਼੍ਰੀਦਣ ਤੋਂ ਪਹਿਲਾਂ ਤੁਸੀਂ ਫੇਅਰ ਫਾਰਮਾਕੇਅਰ ਯੋਜਨਾ ਲਈ ਰਜਿਸਟਰਡ ਹੋਵੋ। ਰਜਿਸਟਰ ਕਰਨ ਲਈ www.gov.bc.ca/ahdc 'ਤੇ ਜਾਓ ਜਾਂ ਚੈੱਕ ਕਰਨ ਲਈ www.gov.bc.ca/fairpharmacare 'ਤੇ ਜਾਓ ਕਿ ਤੁਸੀਂ ਰਜਿਸਟਰਡ ਹੋ ਜਾਂ ਨਹੀਂ। ਫੇਅਰ ਫਾਰਮਾਕੇਅਰ ਯੋਜਨਾ ਤੁਹਾਡੀ ਆਮਦਨ ਦੇ ਅਧਾਰ 'ਤੇ ਕਵਰੇਜ ਪ੍ਰਦਾਨ ਕਰਦੀ ਹੈ।

### ਇਹ ਕਿਵੇਂ ਕੰਮ ਕਰਦਾ ਹੈ

ਤੁਹਾਡਾ ਡਾਕਟਰ ਅਤੇ ਪ੍ਰੋਸਥੇਟਿਸਟ ਜਾਂ ਆਰਥੋਟਿਸਟ ਇਹ ਫੈਸਲਾ ਕਰਨਗੇ ਕਿ ਤੁਹਾਨੂੰ ਕੀ ਚਾਹੀਦਾ ਹੈ।

ਬਹੁਤੇ ਨਵੇ ਯੰਤਰਾਂ ਲਈ, ਮੁਰੰਮਤ ਅਤੇ ਬਦਲਣ ਲਈ, ਤੁਹਾਡਾ ਪ੍ਰੋਸਥੈਟਿਸਟ ਜਾਂ ਆਰਥੋਟਿਸਟ ਯੰਤਰ ਬਣਾਉਣ ਅਤੇ ਤੁਹਾਨੂੰ ਵੇਚਣ ਤੋਂ ਪਹਿਲਾਂ ਫਾਰਮਾਕੇਅਰ ਤੋਂ ਪੂਰਵ-ਪ੍ਰਵਾਨਗੀ ਲੈਣ ਲਈ ਅਰਜ਼ੀ ਦੇਵੇਗਾ। ਖ਼੍ਰੀਦਣ ਤੋਂ ਪਹਿਲਾਂ ਤੁਹਾਡੇ ਕੋਲ ਫਾਰਮਾਕੇਅਰ ਕਵਰੇਜ ਹੋਣੀ ਚਾਹੀਦੀ ਹੈ ਅਤੇ ਪ੍ਰੋਸਥੈਟਿਸਟ ਜਾਂ ਆਰਥੋਟਿਸਟ ਨੂੰ ਵੀ ਫਾਰਮਾਕੇਅਰ ਪ੍ਰੋਗਰਾਮ ਵਿੱਚ ਯੰਤਰ ਦੇਣ ਵਾਲੇ ਵਜੋਂ ਦਾਖਲ ਹੋਣਾ ਚਾਹੀਦਾ ਹੈ।

ਜੇ ਪੂਰਵ-ਮਨਜ਼ੂਰੀ ਦੀ ਲੋੜ ਨਹੀਂ ਹੈ, ਤਾਂ ਜਦੋਂ ਤੁਹਾਡੇ ਆਰਥੋਟਿਸਟ ਜਾਂ ਪ੍ਰੋਸਥੇਟਿਸਟ ਤੁਹਾਡੀ ਖ਼੍ਰੀਦ ਨੂੰ ਕੰਪਿਊਟਰ ਵਿੱਚ ਦਾਖਲ ਕਰਨਗੇ ਤਾਂ ਕਵਰੇਜ ਆਪਣੇ ਆਪ ਲਾਗੂ ਹੋ ਜਾਵੇਗੀ।

## ਮੁਰੰਮਤਾਂ

ਫਾਰਮਾਕੇਅਰ ਯੋਗ ਯੰਤਰਾਂ ਦੀਆਂ ਮੁਰੰਮਤਾਂ ਲਈ ਭੁਗਤਾਨ ਕਰਨ ਵਿੱਚ ਮਦਦ ਕਰਦਾ ਹੈ ਜੇ ਤੁਸੀਂ ਫਾਰਮਾਕੇਅਰ ਪਲੈਨ ਅੰਦਰ ਕਵਰ ਹੋ ਅਤੇ ਕੀਤੀ ਹੋਈ ਮੁਰੰਮਤ:

- ਮੁਢਲੇ ਕੰਮ (ਫੰਕਸ਼ਨ) ਨੂੰ ਬਰਕਰਾਰ ਰੱਖਣ ਵਿੱਚ ਤੁਹਾਡੀ ਮਦਦ ਕਰਦੀ ਹੈ
- ਯੰਤਰ ਦੇ ਉਪਯੋਗੀ ਜੀਵਨ ਨੂੰ ਵਧਾਉਂਦੀ ਹੈ
- ਉਸ ਯੰਤਰ ਲਈ ਹੈ ਜੋ ਖ਼੍ਰੀਦਣ ਸਮੇਂ ਫਾਰਮਾਕੇਅਰ ਦੁਆਰਾ ਕਵਰ ਸੀ
- ਵਾਰੰਟੀ ਦੁਆਰਾ ਕਵਰ ਨਹੀਂ

## ਬਦਲੀਆਂ (ਰੀਪਲੇਸਮੈਂਟਸ)

ਯੋਗ ਪ੍ਰੋਸਥੈਟਿਕ ਯੰਤਰਾਂ ਲਈ, ਫਾਰਮਾਕੇਅਰ ਆਮ ਤੌਰ 'ਤੇ ਯੰਤਰ ਦੀ ਬਦਲੀ ਨੂੰ ਕਵਰ ਕਰਦਾ ਹੈ ਜੇ:

- ਫਾਰਮਾਕੇਅਰ ਨੇ ਘੱਟੋ-ਘੱਟ 3 ਸਾਲ ਪਹਿਲਾਂ (ਛਾਤੀ ਦੇ ਪ੍ਰੋਸਥੇਸਿਸ ਲਈ 2 ਸਾਲ ਪਹਿਲਾਂ) ਕਵਰੇਜ ਨੂੰ ਮਨਜ਼ੂਰੀ ਦਿੱਤੀ ਹੋਵੇ।
- ਪ੍ਰੋਸਥੈਟਿਸਟ ਅਰਜ਼ੀ ਫਾਰਮ 'ਤੇ ਦੱਸਦਾ ਹੈ ਕਿ ਮੌਜੂਦਾ ਯੰਤਰ ਹੁਣ ਤੁਹਾਡੀ ਮੁੱਢਲੇ ਕੰਮਾਂ ਵਿੱਚ ਮਦਦ ਨਹੀਂ ਕਰਦਾ

ਯੋਗ ਆਰਥੋਟਿਕ ਯੰਤਰਾਂ ਲਈ, ਫਾਰਮਾਕੇਅਰ ਆਮ ਤੌਰ 'ਤੇ ਯੰਤਰਾਂ ਦੀ ਬਦਲੀ ਨੂੰ ਕਵਰ ਕਰਦਾ ਹੈ ਜੇ:

- ਮਰੀਜ਼ ਦੀ ਉਮਰ 18 ਸਾਲ ਜਾਂ ਇਸ ਤੋਂ ਘੱਟ ਹੈ
- ਫਾਰਮਾਕੇਅਰ ਨੇ ਘੱਟੋ-ਘੱਟ 1 ਸਾਲ ਪਹਿਲਾਂ ਇਸ ਦੀ ਕਵਰੇਜ ਦੀ ਮਨਜ਼ੂਰੀ ਦਿੱਤੀ ਸੀ
- ਆਰਥੋਟਿਸਟ ਅਰਜ਼ੀ ਫਾਰਮ 'ਤੇ ਦੱਸਦਾ ਹੈ ਕਿ ਮੌਜੂਦਾ ਯੰਤਰ ਹੁਣ ਤੁਹਾਡੀ ਮੁੱਢਲੇ ਕੰਮਾਂ ਵਿੱਚ ਮਦਦ ਨਹੀਂ ਕਰਦਾ

## ਉਹ ਚੀਜ਼ਾਂ ਜੋ ਕਵਰ ਨਹੀਂ

- ਬੈਕ-ਅੱਪ ਯੰਤਰ
- ਗੁਆਚੇ ਜਾਂ ਚੋਰੀ ਹੋਏ ਯੰਤਰਾਂ ਨੂੰ ਬਦਲਣਾ
- ਕਿਸੇ ਹੋਰ ਬੀਮਾ ਕੰਪਨੀ ਦੁਆਰਾ ਕਵਰ ਕੀਤੇ ਗਏ ਯੰਤਰ, ਜਿਵੇਂ ਕਿ ਆਈ ਸੀ ਬੀ ਸੀ, ਵਰਕਸੇਫ ਬੀ ਸੀ, ਵੈਟਰਨਜ਼ ਅਫੇਅਰਜ਼ ਕੈਨੇਡਾ, ਜਾਂ ਹੈਲਥ ਕੈਨੇਡਾ ਦੇ ਨਾਨ-ਇੰਸ਼ੁਅਰਡ ਹੈਲਥ ਬੈਨਿਫਿੱਟਸ ਪ੍ਰੋਗਰਾਮ
- ਯੰਤਰ ਜਿਹੜੇ ਹਰਜਾਨੇ ਜਾਂ ਅਦਾਲਤੀ ਨਿਪਟਾਰੇ ਰਾਹੀਂ ਕਵਰ ਹੋਣ

## ਹੋਰ ਜਾਣਕਾਰੀ ਲਈ

ਪਲੈਜੀਓਸੀਫੈਲੀ ਹੈਲਮੇਟ ਅਤੇ ਆਫਲੋਡਿੰਗ ਯੰਤਰਾਂ ਲਈ ਫਾਰਮਾਕੇਅਰ ਕਵਰੇਜ ਬਾਰੇ ਵਾਧੂ ਜਾਣਕਾਰੀ ਵਾਲੀਆਂ ਸ਼ੀਟਾਂ ਏਥੇ ਦੇਖੋ: http://www.gov.bc.ca/pharmacarepatientinfo

ਫਾਰਮਾਕੇਅਰ ਦੇ ਪ੍ਰੋਸਥੈਟਿਕ ਅਤੇ ਆਰਥੋਟਿਕ ਪ੍ਰੋਗਰਾਮ ਬਾਰੇ ਹੋਰ ਪੜ੍ਹੋ www.gov.bc.ca/popolicy

ਵੱਖ-ਵੱਖ ਫਾਰਮਾਕੇਅਰ ਯੋਜਨਾਵਾਂ ਬਾਰੇ ਹੋਰ ਪੜ੍ਹੋ www.gov.bc.ca/pharmacare/whowecover

ਵਧੇਰੇ ਜਾਣਕਾਰੀ ਲਈ, ਸਾਨੂੰ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਅਤੇ ਸ਼ਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਕਾਲ ਕਰੋ: 1-800-663-7100

**ਨੋਟ:** ਜੇ ਤੁਹਾਨੂੰ ਮਨਿਸਟਰੀ ਆਫ ਸੋਸ਼ਲ ਡਿਵੈਲਪਮੈਂਟ ਐਂਡ ਪਾਵਰਟੀ ਰਿਡਕਸ਼ਨ (MSDPR) ਜਾਂ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ (MCFD) ਤੋਂ ਬੈਨਿਫਿੱਟਸ ਮਿਲਦੇ ਹਨ ਤਾਂ ਸੰਭਵ ਹੈ ਕਿ ਉਹ ਮੰਤਰਾਲੇ ਤੁਹਾਡੀ ਉਹ ਯੰਤਰ ਖ਼੍ਰੀਦਣ ਵਿੱਚ ਮਦਦ ਕਰ ਸਕਦੇ ਹੋਣ ਜੋ ਫਾਰਮਾਕੇਅਰ ਦੁਆਰਾ ਕਵਰ ਨਹੀਂ ਹਨ। ਵਧੇਰੇ ਜਾਣਕਾਰੀ ਲਈ ਉਹਨਾਂ ਨਾਲ ਸੰਪਰਕ ਕਰੋ।